# ਮਰੀਜ਼ ਲਈ ਜਾਣਕਾਰੀ

National Antibiotic Allergy Network

# ਐਂਟੀਬਾਇਓਟਿਕ ਐਲਰਜੀ ਅਤੇ ਮਾੜੇ ਪ੍ਰਭਾਵ

ਇਹ ਦਸਤਾਵੇਜ਼ ਤੁਹਾਡੇ ਸੰਬੰਧਿਤ ਸਿਹਤ-ਸੰਭਾਲ ਪੇਸ਼ੇਵਰ ਦੀ ਸਲਾਹ ਨੂੰ ਨਹੀਂ ਬਦਲਦਾ ਹੈ।

ਬਹੁਤ ਸਾਰੇ ਲੋਕ ਐਂਟੀਬਾਇਓਟਿਕਾਂ, ਖ਼ਾਸ ਕਰਕੇ ਪੈਨਿਸਿਲਿਨ ਪ੍ਰਤੀ ਐਲਰਜੀ ਪ੍ਰਤੀਕ੍ਰਿਆਵਾਂ ਦੀ ਰਿਪੋਰਟ ਕਰਦੇ ਹਨ। ਇਹ ਯਕੀਨੀ ਬਣਾਉਣ ਲਈ ਆਪਣੇ ਡਾਕਟਰ, ਫਾਰਮਾਸਿਸਟ ਜਾਂ ਨਰਸ ਨਾਲ ਆਪਣੀ ਐਂਟੀਬਾਇਓਟਿਕ ਐਲਰਜੀ ਬਾਰੇ ਗੱਲ ਕਰਨਾ ਅਹਿਮ ਹੈ ਤਾਂ ਕਿ ਜਦੋਂ ਤੁਹਾਨੂੰ ਲੋੜ ਹੋਵੇ ਤਾਂ ਤੁਸੀਂ ਸਹੀ ਐਂਟੀਬਾਇਓਟਿਕ ਸੁਰੱਖਿਅਤ ਢੰਗ ਨਾਲ ਲੈ ਸਕੋ।

## ਐਂਟੀਬਾਇਓਟਿਕ ਐਲਰਜੀ ਕੀ ਹੁੰਦੀ ਹੈ?

ਕਈ ਵਾਰ ਰਿਪੋਰਟ ਕੀਤੀ ਗਈ ਐਂਟੀਬਾਇਓਟਿਕ ਐਲਰਜੀ ਇੱਕ "ਮਾੜਾ ਪ੍ਰਭਾਵ " ਹੁੰਦੀ ਹੈ ਨਾ ਕਿ "ਅਸਲੀ ਐਲਰਜੀ" ਹੁੰਦੀ ਹੈ। "ਅਸਲੀ ਐਲਰਜੀ" ਅਤੇ "ਮਾੜੇ ਪ੍ਰਭਾਵ" ਵੱਖੋ-ਵੱਖ ਹੁੰਦੇ ਹਨ।

ਐਂਟੀਬਾਇਓਟਿਕ ਐਲਰਜੀ ਉਦੋਂ ਹੁੰਦੀ ਹੈ ਜਦੋਂ ਸਰੀਰ ਦਾ ਇਮਿਊਨ ਸਿਸਟਮ ਕਿਸੇ ਐਂਟੀਬਾਇਓਟਿਕ ਪ੍ਰਤੀ ਪ੍ਰਤੀਕਿਰਿਆਂ ਕਰਦਾ ਹੈ ਜਿਸਨੂੰ ਉਹ ਪਸੰਦ ਨਹੀਂ ਕਰਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਇਮਿਊਨ ਸਿਸਟਮ ਐਲਰਜੀ ਵਰਗੇ ਲੱਛਣ ਪੈਦਾ ਕਰਦਾ ਹੈ। ਐਂਟੀਬਾਇਓਟਿਕ ਐਲਰਜੀ ਗੰਭੀਰ (ਜਾਨ ਲਈ ਜ਼ੋਖਮ ਵਾਲੀ) ਜਾਂ ਹਲਕੀ ਹੋ ਸਕਦੀ ਹੈ।

ਐਂਟੀਬਾਇਓਟਿਕਾਂ ਤੋਂ ਹੋਣ ਵਾਲੀਆਂ "ਅਸਲੀ ਐਲਰਜੀਆਂ" ਵਿੱਚ ਸ਼ਾਮਲ ਹਨ:

- ਐਨਾਫਾਈਲੈਕਸਿਸ (ਦਵਾਈਆਂ, ਭੋਜਨ ਜਾਂ ਕੀੜੇ ਦੇ ਕੱਟਣ ਵਰਗੇ ਪਦਾਰਥਾਂ ਪ੍ਰਤੀ ਗੰਭੀਰ, ਜਾਨਲੇਵਾ ਐਲਰਜੀ ਪ੍ਰਤੀਕ੍ਰਿਆ)। ਐਨਾਫਾਈਲੈਕਸਿਸ ਦੇ ਲੱਛਣਾਂ ਜਾਂ ਚਿੰਨ੍ਹਾਂ ਵਿੱਚ ਸ਼ਾਮਲ ਹਨ:
    - ਬਹੁਤ ਘੱਟ ਬਲੱਡ ਪ੍ਰੈਸ਼ਰ
    - ਧੀਮੀ ਅਤੇ/ਜਾਂ ਤੇਜ਼ ਨਬਜ਼ ਜਾਂ ਦਿਲ ਦੀ ਧੜਕਣ
    - ਪਦਾਰਥ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੋਰ ਲੱਛਣਾਂ ਦੇ ਨਾਲ-ਨਾਲ ਧੱਫੜ ਤੇਜ਼ੀ ਨਾਲ ਵਿਕਸਤ ਹੋਣੇ
    - ਸੁੱਜੇ ਹੋਏ ਬੁੱਲ੍ਹ ਜਾਂ ਜੀਭ

  *ਜੇਕਰ ਤੁਸੀਂ ਐਨਾਫਾਈਲੈਕਸਿਸ ਦੇ ਕਿਸੇ ਵੀ ਚਿੰਨ੍ਹਾਂ ਜਾਂ ਲੱਛਣਾਂ ਦਾ ਅਨੁਭਵ ਕਰਦੇ ਹੋ, ਤਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਲਈ 000 'ਤੇ ਫ਼ੋਨ ਕਰਨਾ ਚਾਹੀਦਾ ਹੈ।*

- ਹੋਰ ਧੱਫੜ

**ਜੇਕਰ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਐਂਟੀਬਾਇਓਟਿਕ ਐਲਰਜੀ ਹੈ ਤਾਂ ਆਪਣੇ ਡਾਕਟਰ ਨੂੰ ਇਸ ਬਾਰੇ ਦੱਸਣਾ ਮਹੱਤਵਪੂਰਨ ਹੈ**

## ਐਂਟੀਬਾਇਓਟਿਕ ਦਾ ਮਾੜਾ ਪ੍ਰਭਾਵ ਕੀ ਹੁੰਦਾ ਹੈ?

ਐਂਟੀਬਾਇਓਟਿਕਾਂ ਸਮੇਤ ਸਾਰੀਆਂ ਦਵਾਈਆਂ ਮਾੜੇ ਪ੍ਰਭਾਵਾਂ ਪੈਦਾ ਕਰ ਸਕਦੀਆਂ ਹਨ। ਇਸ ਲਈ ਤੁਹਾਨੂੰ ਸਿਰਫ਼ ਲੋੜ ਪੈਣ 'ਤੇ ਹੀ ਐਂਟੀਬਾਇਓਟਿਕ ਲੈਂਦੇ ਚਾਹੀਦੇ ਹਨ। ਮਾੜਾ ਪ੍ਰਭਾਵ ਸਰੀਰ ਦੇ ਇਮਿਊਨ ਸਿਸਟਮ ਨੂੰ ਇਸ ਵਿੱਚ ਸ਼ਾਮਲ ਨਹੀਂ ਕਰਦਾ ਹੈ। ਐਂਟੀਬਾਇਓਟਿਕ ਦੇ ਮਾੜੇ ਪ੍ਰਭਾਵ ਹੋਣੇ ਆਮ ਗੱਲ ਹਨ।

ਐਂਟੀਬਾਇਓਟਿਕਾਂ ਦੇ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਧੱਫੜ ਹੋਣ ਤੋਂ ਬਗ਼ੈਰ ਖਾਰਸ਼
- ਜੀ ਕੱਚਾ ਹੋਣਾ, ਉਲਟੀਆਂ, ਦਸਤ ਜਾਂ ਪੇਟ ਖ਼ਰਾਬ ਹੋਣਾ
- ਸਿਰ ਦਰਦ
- ਥਰਸ਼

## ਕੀ ਤੁਸੀਂ ਕਦੇ ਐਂਟੀਬਾਇਓਟਿਕ ਕਾਰਨ ਐਲਰਜੀ ਜਾਂ ਮਾੜੇ ਪ੍ਰਭਾਵ ਹੋਣ ਦਾ ਅਨੁਭਵ ਕੀਤਾ ਹੈ?

ਤੁਹਾਡਾ ਡਾਕਟਰ, ਫਾਰਮਾਸਿਸਟ ਜਾਂ ਨਰਸ ਇਹ ਪਤਾ ਲਗਾਉਣ ਲਈ ਤੁਹਾਡੇ ਨਾਲ ਕੰਮ ਕਰਨਗੇ ਕਿ ਕੀ ਤੁਹਾਡੀ ਪ੍ਰਤੀਕਿਰਿਆ ਕੋਈ ਮਾੜਾ ਪ੍ਰਭਾਵ ਸੀ ਜਾਂ ਅਸਲੀ ਐਲਰਜੀ ਸੀ। ਤੁਹਾਨੂੰ ਸਵਾਲ ਪੁੱਛੇ ਜਾਣਗੇ ਅਤੇ ਇਹ ਜ਼ਰੂਰੀ ਹੈ ਕਿ ਤੁਸੀਂ ਵੱਧ ਤੋਂ ਵੱਧ ਜਾਣਕਾਰੀ ਦਿਓ। **ਜੇਕਰ ਤੁਹਾਨੂੰ ਕਿਸੇ ਇੱਕ ਕਿਸਮ ਦੇ ਐਂਟੀਬਾਇਓਟਿਕ ਤੋਂ ਐਲਰਜੀ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਸਾਰੀਆਂ ਕਿਸਮਾਂ ਦੇ ਐਂਟੀਬਾਇਓਟਿਕਾਂ ਤੋਂ ਐਲਰਜੀ ਹੈ।**

ਤੁਹਾਡਾ ਡਾਕਟਰ, ਫਾਰਮਾਸਿਸਟ ਜਾਂ ਨਰਸ ਤੁਹਾਨੂੰ ਅਤੇ ਤੁਹਾਡੇ ਆਮ ਡਾਕਟਰ(ਡਾਕਟਰਾਂ) ਨੂੰ ਇਹ ਦੱਸਣ ਦੇਵੇਗਾ ਕਿ ਕੀ ਐਂਟੀਬਾਇਓਟਿਕ ਪ੍ਰਤੀ ਤੁਹਾਡੀ ਪ੍ਰਤੀਕਿਰਿਆ ਇੱਕ ਮਾੜਾ ਪ੍ਰਭਾਵ ਸੀ ਜਾਂ ਐਲਰਜੀ ਸੀ। ਤੁਹਾਡਾ ਮੈਡੀਕਲ ਰਿਕਾਰਡ ਵੀ ਅੱਪਡੇਟ ਕੀਤਾ ਜਾਵੇਗਾ।

## ਕੀ ਮੈਨੂੰ ਐਲਰਜੀ ਟੈਸਟ ਕਰਵਾਉਣ ਦੀ ਲੋੜ ਹੈ?

ਜੇ ਤੁਸੀਂ ਕਿਸੇ ਐਂਟੀਬਾਇਓਟਿਕ ਦੇ ਮਾੜੇ ਪ੍ਰਭਾਵ ਦੀ ਰਿਪੋਰਟ ਕੀਤੀ ਹੈ, ਤਾਂ ਤੁਹਾਨੂੰ ਐਲਰਜੀ ਟੈਸਟ ਕਰਵਾਉਣ ਦੀ ਲੋੜ ਨਹੀਂ ਹੈ। ਜੋ ਜਾਣਕਾਰੀ ਤੁਸੀਂ ਆਪਣੇ ਡਾਕਟਰ, ਫਾਰਮਾਸਿਸਟ ਜਾਂ ਨਰਸ ਨੂੰ ਪ੍ਰਦਾਨ ਕਰਦੇ ਹੋ, ਉਸ ਦੇ ਆਧਾਰ 'ਤੇ ਇਹ ਪਤਾ ਲਗਾਉਣ ਲਈ ਕਈ ਵਾਰ ਐਲਰਜੀ ਦਾ ਮੁਲਾਂਕਣ ਕਰਨ ਦੀ ਲੋੜ ਹੋ ਸਕਦੀ ਹੈ ਕਿ ਕੀ ਤੁਹਾਨੂੰ ਸੱਚਮੁੱਚ ਕਿਸੇ ਐਂਟੀਬਾਇਓਟਿਕ ਤੋਂ ਐਲਰਜੀ ਹੈ ਜਾਂ ਨਹੀਂ।

## ਜੇ ਮੈਨੂੰ ਐਂਟੀਬਾਇਓਟਿਕ ਤੋਂ ਮਾੜੇ ਪ੍ਰਭਾਵ ਹੁੰਦੇ ਹਨ ਤਾਂ ਮੈਂ ਕੀ ਕਰਾਂ?

ਜੇਕਰ ਤੁਹਾਨੂੰ ਕੋਈ ਮਾੜਾ ਪ੍ਰਭਾਵ ਹੋਇਆ ਹੈ ਤਾਂ ਤੁਹਾਨੂੰ ਆਪਣੇ-ਆਪ 'ਤੇ ਕਿਸੇ ਐਂਟੀਬਾਇਓਟਿਕ ਤੋਂ ਐਲਰਜੀ ਹੋਣ ਦਾ "ਠੱਪਾ" ਨਹੀਂ ਲਗਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਤੁਸੀਂ ਆਪਣੇ-ਆਪ ਨੂੰ ਭਵਿੱਖ ਦੇ ਇਨਫੈਕਸ਼ਨ ਲਈ ਸਭ ਤੋਂ ਵਧੀਆ ਐਂਟੀਬਾਇਓਟਿਕ ਮਿਲਣ ਤੋਂ ਰੋਕ ਸਕਦੇ ਹੋ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਐਂਟੀਬਾਇਓਟਿਕ ਕਾਰਨ ਕੋਈ ਮਾੜਾ ਪ੍ਰਭਾਵ ਹੋਇਆ ਹੈ ਤਾਂ ਤੁਹਾਨੂੰ ਹਮੇਸ਼ਾ ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਦੱਸਣਾ ਚਾਹੀਦਾ ਹੈ। ਬਹੁਤ ਸਾਰੇ ਐਂਟੀਬਾਇਓਟਿਕ ਮਾੜੇ ਪ੍ਰਭਾਵਾਂ ਦਾ ਸੁਰੱਖਿਅਤ ਢੰਗ ਨਾਲ ਇਲਾਜ ਕੀਤਾ ਜਾ ਸਕਦਾ ਹੈ ਤਾਂ ਜੋ ਤੁਸੀਂ ਆਪਣੇ ਡਾਕਟਰ ਦੁਆਰਾ ਦੱਸੇ ਗਏ ਐਂਟੀਬਾਇਓਟਿਕ ਕੋਰਸ ਨੂੰ ਪੂਰਾ ਕਰ ਸਕੋ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵੇਖੋ:
ਈਮੇਲ: https://antibioticallergy.org.au/

ਐਮਰਜੈਂਸੀ ਦੀ ਸਥਿਤੀ ਵਿੱਚ, ਕਿਰਪਾ ਕਰਕੇ ਐਂਬੂਲੈਂਸ ਲਈ 000 ਡਾਇਲ ਕਰੋ ਜਾਂ ਆਪਣੇ ਨੇੜਲੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ।

ਜਾਣਕਾਰੀ ਲਿਖੇ ਜਾਣ ਦੀ ਮਿਤੀ: ਮਾਰਚ 2023